PATIALA

# ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ

ਮੀਮੋ ਨੰ. MBSPSU/R/2023/੨੧ ਮਿਤੀ :ਪਟਿਆਲਾ: 10/04/23

## ਸੋਧ ਪੱਤਰ

ਯੂਨੀਵਰਸਿਟੀ ਦੇ **ਇਸ਼ਤਿਹਾਰ ਨੰ. 09/2022 ਮਿਤੀ 09.08.2022** ਰਾਹੀਂ ਯੂਨੀਵਰਸਿਟੀ ਦੇ ਸੰਵਿਧਾਨਿਕ ਕਾਲਜ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜਿਕਲ ਐਜੂਕੇਸ਼ਨ, ਪਟਿਆਲਾ ਲਈ Lab Attendant ਦੀ ਅਸਾਮੀ ਲਈ ਅਰਜੀਆਂ ਦੀ ਮੰਗ ਕੀਤੀ ਗਈ ਸੀ।ਇਹ ਅਸਾਮੀ ਗਰੁੱਪ ਸੀ ਦੀ ਹੈ। ਇਸ ਲਈ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ -1 ਸ਼ਾਖਾ) ਦੇ ਨੰਬਰ 1/2/202-5 ਪੀ.ਪੀ.1/659 ਮਿਤੀ 16.11.2022 ਅਨੁਸਾਰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਅਧਿਸੂਚਨਾਂ ਨੰ. G.S.R. 752/Const./Art./309/Amd(22)/2022 ਮਿਤੀ 28 ਅਕਤੂਬਰ 2022, ਪ੍ਰਸੋਨਲ ਵਿਭਾਗ ਦੇ ਪੱਤਰ ਨੰ. PERS-PP-101(MISC)/1/2023-5PP1- I/506162/2023 ਮਿਤੀ 09.02.2023 ਅਤੇ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਦੇ ਪੱਤਰ ਨੰ. SYWD-SPRT08/470/2022-4SS/170 ਮਿਤੀ 09.08.2022 ਦੇ ਅਨੁਸਾਰ ਸੋਧ ਕੀਤੀ ਜਾਂਦੀ ਹੈ।

> *"Provided that no person shall be appointed to any post in Group- C service unless he has passed a qualifying test of Punjabi Language equivalent to Matriculation standard with at least fifty per cent marks, to be conducted by respective recruitment agencies in addition to competitive examination. The test of Punjabi Language shall be mandatory qualifying test and failure to secure a minimum of fifty per cent marks in Punjabi Language will disqualify the candidate for being considered in the final merit list of candidates to be selected irrespective of their scores or marks in other papers of the respective exam."*

ਉਕਤ ਅਧਿਸੂਚਨਾਂ ਅਨੁਸਾਰ ਮਿਤੀ 09.08.2022 ਨੂੰ ਵਿਗਿਆਪਤ ਅਸਾਮੀਆਂ ਲਈ ਸਰਕਾਰ ਦੀਆਂ ਉਕਤ ਹਦਾਇਤਾਂ ਦੇ ਸਨਮੁੱਖ 'ਚੋਣ ਦੇ ਢੰਗ' ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ:

ਇਨ੍ਹਾਂ ਅਸਾਮੀਆਂ ਦੀ ਭਰਤੀ ਕਰਨ ਲਈ ਪੰਜਾਬੀ ਭਾਸ਼ਾ ਦਾ ਪੇਪਰ ਲਿਆ ਜਾਵੇਗਾ, ਜੋ ਕਿ Qualifying Nature ਦਾ ਹੋਵੇਗਾ। ਜਿਸ ਵਿੱਚ ਘੱਟੋ ਘੱਟ 50 ਪ੍ਰਤੀਸ਼ਤ ਅੰਕ ਲੈਣ ਵਾਲੇ ਉਮੀਦਵਾਰ ਨੂੰ ਹੀ ਯੋਗ ਐਲਾਨਿਆ ਜਾਵੇਗਾ। ਮੈਰਿਟ ਬਨਾਉਣ ਸਮੇਂ ਇਸ ਪੇਪਰ ਵਿੱਚ ਪ੍ਰਾਪਤ ਅੰਕ ਨਹੀਂ ਜੋੜੇ ਜਾਣਗੇ।

ਇਸ ਸਬੰਧੀ Lab Attendant ਦੀ ਅਸਾਮੀ ਲਈ ਹੇਠ ਲਿਖੇ ਸਿਲੇਬਸ ਅਨੁਸਾਰ ਪੰਜਾਬੀ Punjabi Language Qualifying Paper ਲਿਆ ਜਾਵੇਗਾ, ਜੋ ਕਿ Multiple Choice Questions (MCQ) ਅਧਾਰਤ ਪੇਪਰ ਹੋਵੇਗਾ। ਇਹ ਟੈਸਟ **ਮਿਤੀ 03 ਮਈ 2023 ਦਿਨ ਬੁੱਧਵਾਰ ਨੂੰ ਸਵੇਰੇ 10:00 ਵਜੇ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਕਾਲਜ ਆਫ ਫਿਜੀਕਲ ਐਜੂਕੇਸ਼ਨ, ਪੰਜਾਬੀ ਬਾਗ, ਪਟਿਆਲਾ ਵਿਖੇ ਲਿਆ ਜਾਵੇਗਾ।**

ਇਸ ਪੇਪਰ ਦਾ ਸਿਲੇਬਸ ਹੇਠ ਅਨੁਸਾਰ ਹੈ:

**Syllabus of Punjabi Language Qualifying Paper :**

1. ਪੰਜਾਬੀ ਭਾਸ਼ਾ ਨਾਲ ਸਬੰਧਤ ਪ੍ਰਸ਼ਨ।
2. ਪੰਜਾਬ ਦੇ ਇਤਿਹਾਸ ਨਾਲ ਸਬੰਧਤ ਪ੍ਰਸ਼ਨ।
3. ਪੰਜਾਬ ਦੇ ਸੱਭਿਆਚਾਰ ਨਾਲ ਸਬੰਧਤ ਪ੍ਰਸ਼ਨ।
4. ਪੰਜਾਬੀ ਵਿਆਕਰਨ ਨਾਲ ਸਬੰਧਤ ਪ੍ਰਸ਼ਨ।
5. ਜੀਵਨੀ ਅਤੇ ਰਚਨਾਵਾਂ ਨਾਲ ਸਬੰਧਤ ਪ੍ਰਸ਼ਨ।

ਜੋ ਉਮੀਦਵਾਰ ਪੰਜਾਬੀ ਭਾਸ਼ਾ Qualifying Paper ਵਿੱਚੋਂ Qualify ਹੋਣਗੇ, ਸਿਰਫ ਉਹ ਉਮੀਦਾਰ ਹੀ ਅਗਲੇ ਪੜਾਵ ਲਈ ਯੋਗ ਹੋਣਗੇ।

ਰਜਿਸਟਰਾਰ